# ਸਾਡੇ ਬਾਰੇ

LFB
LONDON FIRE BRIGADE

London Fire Brigade (LFB) (ਲੰਡਨ ਫਾਇਰ ਬ੍ਰਿਗੇਡ) UK ਦੀ ਸਭ ਤੋਂ ਵੱਡੀ ਅੱਗ ਅਤੇ ਬਚਾਅ ਸੇਵਾ ਹੈ। ਅਸੀਂ ਇਥੇ ਲੰਡਨ ਨੂੰ ਸੁਰੱਖਿਅਤ ਸ਼ਹਿਰ ਬਣਾਉਣ ਲਈ ਹਾਂ। ਸਾਡਾ ਉਦੇਸ਼ ਹੈ ਲੰਡਨ, ਲੰਡਨਅਰਾਂ ਅਤੇ ਆਗੁੰਤਕਾਂ ਲਈ ਵਿਸ਼ਵ-ਪੱਧਰ ਦੀ ਅੱਗ ਅਤੇ ਬਚਾਅ ਸੇਵਾ ਬਣਨਾ।

LFB ਅੱਗਾਂ ਅਤੇ ਹੋਰ ਆਪਾਤਕਾਲੀਨ ਦੌਰਾਨ ਹਮੇਸ਼ਾ ਪ੍ਰਤੀਕਰਮ ਕਰੇਗੀ, ਪਰ ਸਾਡਾ ਕੰਮ ਇਨ੍ਹਾਂ ਸਾਲਾਂ ਵਿੱਚ ਤਬਦੀਲ ਹੋਇਆ ਹੈ, ਹੁਣ ਜਿਆਦਾ ਜੋਰ ਅੱਗ ਤੋਂ ਰੋਕਥਾਮ ਅਤੇ ਕਮਿਊਨਿਟੀ ਸੁਰੱਖਿਆ ਉਤੇ ਹੈ।

ਅਸੀਂ ਲੋਕਾਂ ਨੂੰ ਅੱਗ ਅਤੇ ਹੋਰ ਆਪਾਤਕਾਲੀਨ ਤੋਂ ਸੁਰੱਖਿਅਤ ਰੱਖਣ ਲਈ ਕੰਮ ਕਰਦੇ ਹਾਂ, ਘਰਾਂ ਵਿੱਚ, ਕੰਮ ਉਤੇ ਅਤੇ ਲੰਡਨ ਦੀਆਂ ਹੋਰ ਬਿਲਡਿੰਗਾਂ ਵਿੱਚ। ਅੱਗ ਤੋਂ ਮੌਤਾਂ ਦਾ ਮੁੱਖ ਕਾਰਣ ਘਰ ਵਿੱਚ ਅਚਾਨਕ ਅੱਗਾਂ ਹਨ ਅਤੇ ਜੋ ਕੁਝ ਹੋ ਸਕਦਾ ਹੈ, ਅਸੀਂ ਇਨ੍ਹਾਂ ਦੁਰਘਟਨਾਵਾਂ ਨੂੰ ਘੱਟ ਕਰਨ ਲਈ ਕੰਮ ਕਰਦੇ ਹਾਂ। ਅਸੀਂ ਲੋਕਾਂ ਨੂੰ ਸਿੱਖਿਅਤ ਕਰਨ ਲਈ ਕੰਮ ਕਰਦੇ ਹਾਂ ਕਿ ਉਹ ਆਪਣੇ ਆਪ ਨੂੰ ਅੱਗ ਤੋਂ ਬਚਾਉਣ ਲਈ ਕੀ ਕਰ ਸਕਦੇ ਹਨ।

ਅਸੀਂ ਐਸਾ ਇਹ ਕਰਕੇ ਕਰਦੇ ਹਾਂ:

**ਹੋਮ ਫਾਇਰ ਸੇਫਟੀ ਵਿਜ਼ਿਟ** - ਫਾਇਰ ਫਾਈਟਰ ਲੋਕਾਂ ਦੇ ਘਰਾਂ ਵਿੱਚ ਜਾਂਦੇ ਹਨ, ਉਨ੍ਹਾਂ ਨੂੰ ਅੱਗ ਤੋਂ ਸੁਰੱਖਿਆ ਬਾਰੇ ਸਲਾਹ ਦੇਣ ਅਤੇ ਜੇ ਜਰੂਰੀ ਹੋਵੇ ਤਾਂ ਮੁਫਤ ਵਿੱਚ ਸਮੋਕ ਅਲਾਰਮ ਲਗਾ ਕੇ।

**ਹੋਰ ਸੰਗਠਨਾਂ ਨਾਲ ਕੰਮ** - ਜੋ ਉਨ੍ਹਾਂ ਲੋਕਾਂ ਨਾਲ ਕੰਮ ਕਰਦੇ ਹਨ ਜੋ ਅੱਗ ਤੋਂ ਵਾਧੂ ਖਤਰੇ ਉਤੇ ਹਨ ਅਤੇ ਸਾਡੀ ਮਦਦ ਕਰਦੇ ਹਨ ਉਨ੍ਹਾਂ ਤਕ ਪਹੁੰਚ ਕਰਨ ਅਤੇ ਬਚਾਉਣ ਵਿੱਚ।

**ਛੋਟੀ ਉਮਰ ਵਿੱਚ ਲੋਕਾਂ ਨੂੰ ਸੂਚਿਤ ਕਰਕੇ** - ਅੱਗ ਦੇ ਖਤਰਿਆਂ ਬਾਰੇ, ਉਹ ਆਪਣੇ ਆਪ ਨੂੰ ਕਿਵੇਂ ਬਚਾ ਸਕਦੇ ਹਨ ਅਤੇ ਝੂਠੀਆਂ ਕਾਲਾਂ ਕਰਨ ਦੇ ਨਤੀਜਿਆਂ ਬਾਰੇ। ਸਾਡੇ ਕੋਲ ਐਸਾ ਕਰਨ ਲਈ ਸਫਲ ਅਤੇ ਇਨਾਮ ਜੇਤੂ ਉਦਮ ਹਨ, ਸਕੂਲ ਟੀਮਾਂ ਨੂੰ ਮਿਲਾ ਕੇ।

**ਜਾਣ-ਬੂਝ ਕੇ ਸ਼ੁਰੂ ਕੀਤੀ ਅੱਗ ਨੂੰ ਘੱਟ ਕਰਕੇ** - ਸਾਡੇ ਕੋਲ ਨੌਜੁਆਨ ਲੋਕਾਂ ਦੇ ਅੱਗ ਭੜਕਾਊ ਵਤੀਰੇ ਨਾਲ ਨਜਿੱਠਣ ਲਈ ਇੱਕ ਮਾਹਿਰ ਟੀਮ ਹੈ ਅਤੇ ਪਾਰਟਨਰਾਂ ਨਾਲ ਕੰਮ ਕਰਦੀ ਇੱਕ ਟੀਮ ਹੈ ਅੱਗ ਸਬੰਧੀ ਜੁਰਮ ਨੂੰ ਘੱਟ ਕਰਨ ਲਈ।

**ਕੰਮ-ਕਾਜ ਵਾਲੀ ਥਾਂ ਉਤੇ ਅੱਗ ਤੋਂ ਸੁਰੱਖਿਆ ਬਾਰੇ ਸਲਾਹ** - ਇੰਪਲਾਇਰ ਵਜੋਂ ਤੁਸੀਂ ਜਿੰਮੇਵਾਰ ਹੋ ਇਹ ਨਿਸ਼ਚਿਤ ਕਰਨ ਲਈ ਕਿ ਤੁਹਾਨੂੰ ਅਤੇ ਤੁਹਾਡੇ ਸਟਾਫ ਨੂੰ ਪਤਾ ਹੈ ਕਿ ਕੰਮ-ਕਾਜ ਵਾਲੀ ਥਾਂ ਉਤੇ ਅੱਗ ਦੀ ਰੋਕਥਾਮ ਲਈ ਕੀ ਕਰਨਾ ਹੈ ਅਤੇ ਜੇ ਅੱਗ ਲੱਗ ਜਾਏ ਤਾਂ ਉਥੋਂ ਕਿਵੇਂ ਨਿਕਲਣਾ ਹੈ।

**ਬਿਲਡਿੰਗਾਂ ਦਾ ਨਿਰੀਖਣ ਕਰਕੇ** - ਬਿਲਡਿੰਗਾਂ ਦੀ ਸੁਰੱਖਿਆ ਦੇ ਸੁਧਾਰ ਲਈ ਅਸੀਂ ਸ਼ੁਰੂਆਤੀ ਪੜਾਅ ਤੋਂ ਹੀ ਡਿਵਲੈਪਰਾਂ ਨਾਲ ਕੰਮ ਕਰਦੇ ਹਾਂ, ਇਹ ਨਿਸ਼ਚਿਤ ਕਰਨ ਲਈ ਨਿਰੀਖਣ ਕਰਦੇ ਹਾਂ ਕਿ ਉਹ ਅੱਗ ਦੇ ਮਾਪਦੰਡਾਂ ਨੂੰ ਪੂਰਾ ਕਰ ਰਹੇ ਹਨ ਅਤੇ ਜਦੋਂ ਜਰੂਰੀ ਹੋਵੇ ਤਾਂ ਅਸੀਂ ਲੋੜੀਂਦੀ ਕਾਰਵਾਈ ਵੀ ਕਰਦੇ ਹਾਂ।